## ਉੱਡਾਰੀ

ਕੀ ਤੈਨੂੰ ਵਿਸਰਾ

ਤੂੰ ਤਾ ਪਸਰਿਆ ਪਿਆ

ਮੇਰੀ ਕਾਫ਼ੀਆਂ, ਸੀਹਰਫ਼ੀਆਂ ਤੇ ਦੋਹੜਿਆਂ ਵਿਚ

ਤੂੰ

ਬਿਰਹਾ ਵਾਂਗ

ਮੌਜੂਦ ਹੈ

ਸ਼ਬਦਾ ਤੇ ਅੱਖਰਾਂ ਦੀ

ਬੁਝਾਰਤ ਬਣ ਕੇ

ਛੇੜਖਾਨੀ ਕਰਦਾ

ਮੈਂ ਭਾਵੇਂ ਤਰੋਪੇ ਪਾਵਾਂ, ਨਾ ਪਾਵਾਂ

ਤੂੰ ਫੁਲਕਾਰੀ ਦੇ ਸੂਹੇ, ਸੰਧਲੇ ਰੰਗਾ ਵਾਂਗ

ਖਿੜਈ ਜਾਣਾ ਏ

ਤੇਰੀ ਹਾਜਰੀ ਤੇ ਮੇਰੀ ਹਾਮੀ ਜਗ ਭਰਦੇ ਹਨ।

## ਨੀਂਦਰ

**ਜਿਸ ਨੀਂਦਰ ਨਾਲ**

**ਗੂੜੀ ਸਾਂਝ ਸੀ**

**ਅੱਜ ਓਹੀ ਨੀਂਦਰ**

**ਕੁੱਝ ਉਖੜੀ ਉਖੜੀ ਹੈ।**

**ਜਕੜਾ ਵਾਂਗ ਅੜੀਆਂ ਕਰਦੀ**

**ਸਾਰੀ ਰਾਤ ਸ਼ੋਦਾਈਆ ਵਾਂਗ**

**ਆਪ ਘੁੰਮਦੀ**

**ਨਾਲ ਮੈਨੂੰ ਵੀ**

ਘੁੰਮਨ ਘੇਰੀਆਂ ਵਿਚ

ਪਾਈ ਰੱਖਦੀ ਹੈ

ਕੁੱਝ ਸਜਰਿਆ

ਕੁੱਝ ਬੇਹੀਆ

ਨੂੰ ਚੇਤੇ ਕਰ

ਉਨ੍ਹਾਂ ਪਲਾ ਨੂੰ ਝੰਜੋੜਦੀ

ਕਈ ਪੀੜਾਂ ਨੂੰ

ਕੁਰੇਦਦੀ

ਤੜਪ ਮਹਿਸੂਸ ਕਰਦੀ

ਬੇਸੁਰਤੇ ਮੁੜਦੀ

ਨਿਹੁੰ ਵਿਛੁੰਨੀ ਨੀਂਦ